ਸਰਕਾਰੀ ਕਾਲਜ ਲੜਕੀਆਂ, ਸੈਕਟਰ-11, ਚੰਡੀਗੜ੍ਹ।

ਪਾਠਕ੍ਰਮ: ਬੀ.ਏ. ਭਾਗ- ਦੂਜਾ
(ਪੇਪਰ- ਏ)

ਵਿਸ਼ਾ:- ਵੀਹਵੀਂ ਸਦੀ ਦੇ ਮਹਾਨ ਨਾਇਕ ਸ਼ਹੀਦ ਭਗਤ ਸਿੰਘ ਦਾ ਮੁਢਲਾ ਜੀਵਨ।

ਪ੍ਰਸਤੁਤ ਕਰਤਾ:

ਡਾ. ਗੁਰਸ਼ਰਨ ਸਿੰਘ ਸਿੰਘ,
ਪੰਜਾਬੀ ਵਿਭਾਗ,
ਸਰਕਾਰੀ ਕਾਲਜ ਲੜਕੀਆਂ,
ਸੈਕਟਰ-11, ਚੰਡੀਗੜ੍ਹ।

ਇਨਕਲਾਬ ਦਾ ਬਾਨੀ

# ਸ਼ਹੀਦ ਭਗਤ ਸਿੰਘ



ਸੁਹਿੰਦਰ ਬੀਰ

# ਵੀਹਵੀਂ ਸਦੀ ਦਾ ਮਹਾਨ ਨਾਇਕ



ਸ਼ਹੀਦ ਭਗਤ ਸਿੰਘ ਪਹਿਲੀ ਗ੍ਰਿਫਤਾਰੀ ਸਮੇਂ
ਲਾਹੌਰ (ਮਈ 1927)

# ਸ਼ਹੀਦ ਭਗਤ ਸਿੰਘ ਦਾ ਪਰਿਵਾਰ



ਦਾਦਾ ਸ. ਅਰਜਨ ਸਿੰਘ ਜੀ



ਪਿਤਾ ਸ. ਕਿਸ਼ਨ ਸਿੰਘ ਜੀ



ਚਾਚਾ ਸ. ਅਜੀਤ ਸਿੰਘ ਜੀ



ਮਾਤਾ ਸ਼੍ਰੀ. ਮਤੀ ਵਿੱਦਿਆਵਤੀ ਜੀ

ਲੇਖਕ ਦਾ ਨਾਮ: ਪ੍ਰੋ: ਸੁਹਿੰਦਰ ਬੀਰ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਪੁਸਤਕ ਦਾ ਨਾਮ: ਇਨਕਲਾਬ ਦਾ ਬਾਨੀ ਸ਼ਹੀਦ ਭਗਤ ਸਿੰਘ

ਡਾ: ਸੁਹਿੰਦਰ ਬੀਰ ਕਵੀ ਅਤੇ ਕਾਵਿ ਸਮੀਖਿਆਕਾਰ ਹੈ। ਡਾ: ਸੁਹਿੰਦਰ ਬੀਰ ਦੀਆਂ ਚਾਰ ਕਾਵਿ ਪੁਸਤਕਾਂ ਹੁਣ ਤੱਕ ਛਪ ਚੁੱਕੀਆਂ ਹਨ। ਪੰਜਾਬੀ ਕਵਿਤਾ ਦੀ ਸਮੀਖਿਆ ਨਾਲ ਸਬੰਧਤ ਉਸ ਦੀਆਂ ਪੰਜ ਪ੍ਰਮੁੱਖ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਉਸ ਨੇ ਕਾਵਿ ਆਲੋਚਨਾ ਨਾਲ ਸਬੰਧਤ ਚਾਰ ਪੁਸਤਕਾਂ ਸੰਪਾਦਿਤ ਵੀ ਕੀਤੀਆਂ ਹਨ।

# ਵੀਹਵੀਂ ਸਦੀ ਦੇ ਮਹਾਨ ਨਾਇਕ ਸ਼ਹੀਦ ਭਗਤ ਸਿੰਘ
# ਦਾ ਮੁਢਲਾ ਜੀਵਨ

ਸ਼ਹੀਦ ਭਗਤ ਸਿੰਘ ਦੇ ਪਰਿਵਾਰਕ ਪਿਛੋਕੜ ਬਾਰੇ ਸੰਖੇਪ ਜਾਣਕਾਰੀ:–

- ਦਾਦਾ ਜੀ ਦਾ ਨਾਮ: ਸ: ਅਰਜਨ ਸਿੰਘ
- ਦਾਦੀ ਜੀ ਦਾ ਨਾਮ: ਸ੍ਰੀਮਤੀ ਜੈ ਕੌਰ
- ਪਿਤਾ ਜੀ ਦਾ ਨਾਮ: ਸ: ਕਿਸ਼ਨ ਸਿੰਘ
- ਮਾਤਾ ਜੀ ਦਾ ਨਾਮ: ਸ੍ਰੀਮਤੀ ਵਿਦਿਆਵਤੀ
- ਚਾਚਾ ਜੀ ਦਾ ਨਾਮ: ਸ: ਅਜੀਤ ਸਿੰਘ ਅਤੇ ਸ: ਸਵਰਨ ਸਿੰਘ
- ਵੱਡੇ ਭਰਾ ਦਾ ਨਾਮ: ਜਗਤ ਸਿੰਘ

ਭਗਤ ਸਿੰਘ ਪੁਰਾਣੇ ਅਣਵੰਡੇ ਪੰਜਾਬ ਦੇ ਇੱਕ ਅਜਿਹੇ ਪਰਿਵਾਰ ਵਿੱਚ ਪੈਦਾ ਹੋਇਆ ਜਿਹੜਾ ਪਰਿਵਾਰ ਤਿੰਨ ਪੀੜ੍ਹੀਆਂ ਤੋਂ ਸੁੰਤਰਤਾ ਸੰਗਰਾਮ ਦੇ ਅੰਦੋਲਨ ਵਿੱਚ ਜੱਦੋ–ਜਹਿਦ ਕਰ ਰਿਹਾ ਸੀ। ਉਸ ਦੇ ਦਾਦਾ ਸ: ਅਰਜਨ ਸਿੰਘ ਜੀ ਨੇ ਸਵਾਮੀ ਦਇਆ ਨੰਦ ਦੇ ਪ੍ਰਭਾਵ ਅਧੀਨ ਕੌਮੀ ਮੁਕਤੀ ਲਹਿਰ ਵਿੱਚ ਪ੍ਰਵੇਸ਼ ਕੀਤਾ ਸੀ। ਸ: ਅਰਜਨ ਸਿੰਘ ਜੀ ਦੇ ਤਿੰਨੇ ਸਪੁੱਤਰ– ਸ:ਕਿਸ਼ਨ ਸਿੰਘ, ਸ:ਅਜੀਤ ਸਿੰਘ ਅਤੇ ਸ: ਸਵਰਨ ਸਿੰਘ– ਦੇਸ਼ ਦੀ ਅਜ਼ਾਦੀ ਵਾਸਤੇ ਸੰਘਰਸ਼ ਕਰ ਰਹੀ ਲਹਿਰ ਨਾਲ ਜੁੜੇ ਹੋਏ ਸਨ ਅਤੇ ਜੇਲ੍ਹਾਂ ਵਿੱਚ ਬੰਦ ਕੀਤੇ ਗਏ ਸਨ। ਭਗਤ ਸਿੰਘ ਜੀ ਦੇ ਪਿਤਾ ਅਤੇ ਦੋਨੋਂ ਚਾਚਿਆਂ ਨੇ ਅੰਗਰੇਜ਼ਾਂ ਖਿਲਾਫ ਸੰਘਰਸ਼ ਚਲਾਇਆ ਹੋਣ ਕਰਕੇ ਉਹ ਅਕਸਰ ਹੀ ਜੇਲ੍ਹ ਆਉਂਦੇ ਜਾਂਦੇ ਰਹਿੰਦੇ ਸਨ। ਘਰ ਵਿੱਚ ਅੰਗਰੇਜ਼ਾਂ ਦੀ ਗੁਲਾਮੀ ਪ੍ਰਤੀ ਨਫਰਤ ਅਤੇ ਕੁੜੱਤਣ ਦਾ ਮਾਹੌਲ ਬਣਿਆ ਰਹਿੰਦਾ ਸੀ। ਇਸ ਮਾਹੌਲ ਨੇ ਬਾਲ ਭਗਤ ਸਿੰਘ ਦੇ ਮਾਸੂਮ ਮਨ ਉਪਰ ਬਹੁਤ ਗਹਿਰਾ ਅਸਰ ਪਾਇਆ।

## 2. ਜਨਮ ਤੇ ਨਾਮਕਰਣ:-

| | |
|---|---|
| (ੳ). ਨਾਮ | ਭਗਤ ਸਿੰਘ |
| (ਅ). ਜਨਮ ਮਿਤੀ | 28 ਸਤੰਬਰ, 1907 |
| (ੲ). ਜਨਮ ਸਥਾਨ | ਪਿੰਡ ਬੰਗਾ, ਚੱਕ ਨੰਬਰ 105, ਜ਼ਿਲ੍ਹਾ ਲਾਇਲਪੁਰ (ਅੱਜਕੱਲ੍ਹ ਪਾਕਿਸਤਾਨ) |

ਭਗਤ ਸਿੰਘ ਜੀ ਦੀ ਦਾਦੀ ਸ੍ਰੀਮਤੀ ਜੈ ਕੌਰ ਨੇ ਘਰ ਵਿੱਚ ਨਵੇਂ ਜਨਮੇ ਬਾਲਕ ਨੂੰ 'ਭਾਗਾਂ ਵਾਲਾ' ਕਿਹਾ ਤੇ ਫਿਰ ਇਸੇ ਤੋਂ ਹੀ ਉਸ ਦਾ ਨਾਮ ਭਗਤ ਸਿੰਘ ਰੱਖਿਆ ਗਿਆ।

## 3. ਜਾਰਜ਼ ਪੰਜਵੇਂ ਦੀ ਤਾਜਪੋਸ਼ੀ:-

ਭਗਤ ਸਿੰਘ ਦੇ ਜਨਮ ਵੇਲੇ ਜਾਰਜ਼ ਪੰਜਵੇਂ ਦੀ ਤਾਜਪੋਸ਼ੀ ਹੋਈ ਅਤੇ ਅੰਗਰੇਜ਼ ਹਕੂਮਤ ਨੇ ਭਾਰਤੀ ਅੰਦੋਲਨਕਾਰੀਆਂ ਪ੍ਰਤੀ ਨਰਮ ਵਤੀਰਾ ਅਪਣਾਇਆ। ਪੰਜਵੇਂ ਜਾਰਜ਼ ਦੀ ਤਾਜਪੋਸ਼ੀ ਦੀ ਖੁਸ਼ੀ ਵਿੱਚ ਹੀ ਅੰਗਰੇਜ਼ਾਂ ਨੇ ਭਗਤ ਸਿੰਘ ਦੇ ਚਾਚਾ ਜੀ ਸ: ਅਜੀਤ ਸਿੰਘ ਨੂੰ ਰਿਹਾਅ ਕੀਤਾ ਸੀ।

- 3. ਬਚਪਨ ਦੀ ਇੱਕ ਅਹਿਮ ਘਟਨਾ
- 4. ਭਗਤ ਸਿੰਘ ਜੀ ਦਾ ਹੌਂਸਲਾ
- 5. ਭਗਤ ਸਿੰਘ ਜੀ ਦੀ ਮੁੱਢਲੀ ਵਿੱਦਿਆ
- 6. ਪ੍ਰਮੁੱਖ ਇਤਿਹਾਸਕ ਪ੍ਰਸਥਿਤੀਆਂ ਅਤੇ ਘਟਨਾਵਾਂ ਦਾ ਭਗਤ ਸਿੰਘ ਦੇ ਬਾਲ ਮਨ ਉਪਰ ਪ੍ਰਭਾਵ
- 7. ਜ਼ਲ੍ਹਿਆਂ ਵਾਲੇ ਬਾਗ ਦੀ ਘਟਨਾ ਦਾ ਪਿਛੋਕੜ
- 8. ਜ਼ਲ੍ਹਿਆਂ ਵਾਲੇ ਬਾਗ ਦਾ ਸਾਕਾ
- 9. ਨਾ-ਮਿਲਵਰਤਣ ਲਹਿਰ ਅਤੇ ਭਗਤ ਸਿੰਘ
- 10.ਭਗਤ ਸਿੰਘ ਦੀਆਂ ਸਾਹਿਤਕ ਸਰਗਰਮੀਆਂ